ਨਿਊਜ਼ ਰਿਲੀਜ਼

# ਅੱਪਡੇਟ: ਐਲਬਰਟਾ ਪੈਨਸ਼ਨ ਪਲੈਨ ਐਂਗੇਜਮੈਂਟ

8 ਦਸੰਬਰ 2023

ਐਲਬਰਟਾ ਪੈਨਸ਼ਨ ਪਲੈਨ ਐਂਗੇਜਮੈਂਟ ਪੈਨਲ ਨਵੇਂ ਪਬਲਿਕ ਸੈਸ਼ਨਾਂ ਦੀ ਸਮਾਂ-ਸੂਚੀ ਬਣਾਉਣ ਤੋਂ ਪਹਿਲਾਂ ਚੀਫ ਐਕਚੂਅਰੀ ਆਫ ਕੈਨੇਡਾ ਦੇ ਦਫਤਰ ਨੂੰ ਪਰਿਣਾਮ ਰਿਲੀਜ਼ ਕਰਨ ਲਈ ਕੁਝ ਸਮਾਂ ਦੇ ਰਿਹਾ ਹੈ।

ਇਸ ਪੱਤਝੜ ਰੁੱਤੇ ਐਲਬਰਟਾ ਪੈਨਸ਼ਨ ਪਲੈਨ ਐਂਗੇਜਮੈਂਟ ਪੈਨਲ, ਜਿਸਦੀ ਅਗਵਾਈ ਭੂਤ-ਪੂਰਵ ਸੂਬਾਈ ਖਜਾਨਚੀ ਜਿੰਮ ਡਿਨਿੰਗ ਕਰਦੇ ਹਨ, ਵੱਲੋਂ ਐਲਬਰਟਾ ਵਾਸੀਆਂ ਨੂੰ ਇਕ ਸੰਭਾਵੀ ਸੂਬਾਈ ਪੈਨਸ਼ਨ ਪਲੈਨ ਬਾਰੇ ਇਕ ਆਜ਼ਾਦਾਨਾਂ ਰਿਪੋਰਟ ਦੇ ਪਰਿਣਾਮਾਂ ਸਬੰਧੀ ਗੱਲਬਾਤ ਕਰਨ ਲਈ ਸੱਦਾ ਦਿੱਤਾ ਗਿਆ। ਪੈਨਲ ਉਦੋਂ ਤੋਂ ਐਲਬਰਟਾ ਵਾਸੀਆਂ ਕੋਲੋਂ ਫੀਡਬੈਕ ਇਕੱਠੀ ਕਰਦਾ ਆ ਰਿਹਾ ਹੈ, ਜਿਸ 'ਚ 76,000 ਤੋਂ ਵੱਧ ਐਲਬਰਟਾ ਵਾਸੀਆਂ ਵੱਲੋਂ ਪੰਜ ਟੈਲੀਫੋਨ ਟਾਊਨ ਹਾਲ ਸੈਸ਼ਨਾਂ ਅਤੇ 94,000 ਤੋਂ ਵੱਧ ਐਲਬਰਟਾ ਵਾਸੀਆਂ ਵੱਲੋਂ ਆਨਲਾਈਨ ਸਰਵੇਖਣ ਭਰਨ ਦੁਆਰਾ ਦਿੱਤੀ ਫੀਡਬੈਕ ਸ਼ਾਮਲ ਹੈ। ਇਸ ਰੁਝਾਊ-ਕਾਰਜ ਦਾ ਪਹਿਲਾ ਪੜਾਅ ਹੁਣ ਖਤਮ ਹੋ ਗਿਆ ਹੈ ਅਤੇ ਪੈਨਲ ਹੁਣ ਵਿਸ਼ਲੇਸ਼ਣ ਕਰੇਗਾ ਕਿ ਹੁਣ ਤੱਕ ਐਲਬਰਟਾ ਵਾਸੀਆਂ ਕੋਲੋਂ ਉਨ੍ਹਾਂ ਨੇ ਕੀ ਸੁਣਿਆ ਹੈ।

"ਐਲਬਰਟਾ ਵਾਸੀ ਯਕੀਨ ਕਰ ਸਕਦੇ ਹਨ ਕਿ ਉਨ੍ਹਾਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਹਨ ਅਤੇ ਇਸੇ ਕਰਕੇ ਹੀ ਮੈਂ ਐਲਬਰਟਾ ਪੈਂਨਸ਼ਨ ਪ੍ਰੋਟੈਕਸ਼ਨ ਐਕਟ ਪੇਸ਼ ਕੀਤਾ ਹੈ, ਜਿਹੜਾ ਐਲਬਰਟਾ ਵਾਸੀਆਂ ਨੂੰ ਇਹ ਨਿਸ਼ਚਿਤਤਾ ਪ੍ਰਦਾਨ ਕਰਵਾਉਂਦਾ ਹੈ ਕਿ ਉਨ੍ਹਾਂ ਦੇ ਪੈਨਸ਼ਨ ਦੇ ਯੋਗਦਾਨ ਸੁਰੱਖਿਅਤ ਹਨ ਅਤੇ ਅਸੀਂ ਇਕ ਰੈਫਰੈਂਡਮ ਦੁਆਰਾ ਉਨ੍ਹਾਂ ਦੀ ਰਾਇ ਲੈਣ ਤੋਂ ਬਿਨਾਂ ਕਿਸੇ ਵੀ ਪੈਨਸ਼ਨ ਪਲੈਨ 'ਤੇ ਅਗਾਂਹ ਕਾਰਜ ਨਹੀਂ ਕਰਾਂਗੇ। ਇਹ ਇਕ ਪੇਚੀਦਾ ਕਿਸਮ ਦਾ ਅਮਲ ਹੈ ਅਤੇ ਇਕ ਅਜਿਹਾ ਅਮਲ ਹੈ ਜਿਸਨੂੰ ਅਸੀਂ ਹਲਕੇ ਢੰਗ ਨਾਲ ਨਹੀਂ ਲਵਾਂਗੇ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰੇਈਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

ਰੁਝਾਊ-ਕਾਰਜਾਂ ਦੇ ਪਹਿਲੇ ਪੜਾਅ ਦੌਰਾਨ ਇਹ ਝੱਟਪਟ ਸਪੱਸ਼ਟ ਹੋ ਗਿਆ ਕਿ ਐਲਬਰਟਾ ਵਾਸੀ, ਐਲਬਰਟਾ ਵੱਲੋਂ ਕੈਨੇਡਾ ਪੈਂਨਸ਼ਨ ਪਲੈਨ 'ਚੋਂ ਬਾਹਰ ਨਿਕਲ ਆਉਣ ਦੀ ਸੂਰਤ ਵਿਚ ਐਸੈੱਟ ਟ੍ਰਾਂਸਫਰ ਵੈਲਿਊ, ਜਿਸ ਵਾਸਤੇ ਐਲਬਰਟਾ ਯੋਗ ਬਣਦਾ ਹੈ, ਉਸ ਬਾਰੇ ਵਧੇਰੇ ਯਥਾਰਥਕ ਜਾਣਕਾਰੀ ਪ੍ਰਾਪਤ ਕਰਨੀ ਚਾਹੁੰਦੇ ਹਨ। ਭਾਵੇਂ ਕਿ ਲਾਈਫਵਰਕਸ ਰਿਪੋਰਟ ਜਨਤਕ ਤੌਰ 'ਤੇ ਉਪਲਬਧ ਡੈਟਾ ਦੇ ਆਧਾਰ 'ਤੇ ਇਕ ਉਚਿੱਤ ਪ੍ਰਕਾਰ ਦੀ ਐਸੈੱਟ ਟ੍ਰਾਂਸਫਰ ਵੈਲਿਊ ਪ੍ਰਦਾਨ ਕਰਨ ਦੇ ਯੋਗ ਸੀ, ਪਰੰਤੂ ਵਧੇਰੇ ਯਥਾਰਥਕ ਨੰਬਰ ਮਿਥਣ ਲਈ ਫੈਡਰਲ ਸਰਕਾਰ ਵੱਲੋਂ ਵਿਸ਼ਲੇਸ਼ਣ ਕੀਤੇ ਜਾਣ ਦੀ ਲੋੜ ਹੈ।

ਕੈਨੇਡਾ ਦੇ ਵਿੱਤ ਮੰਤਰੀਆਂ ਦਰਮਿਆਨ ਗੱਲਬਾਤ ਉਪਰੰਤ, ਫੈਡਰਲ ਵਿੱਤ ਮੰਤਰੀ ਨੇ ਕੈਨੇਡਾ ਪੈਂਨਸ਼ਨ ਪਲੈਨ ਸੰਪਤੀ 'ਚੋਂ ਐਲਬਰਟਾ ਦੇ ਹਿੱਸੇ ਸਬੰਧੀ ਚੀਫ ਐਕਚੂਅਰੀ ਆਫ ਕੈਨੇਡਾ ਨੂੰ ਰਾਇ ਦੇਣ ਵਾਸਤੇ ਆਖਣ ਦਾ ਵਾਅਦਾ ਕੀਤਾ ਹੈ। ਐਲਬਰਟਾ ਦੀ ਸਰਕਾਰ ਆਸਵੰਦ ਹੈ ਕਿ ਇਹ ਕੰਮ ਜਲਦੀ  ਕੀਤਾ ਜਾ ਸਕਦਾ ਹੈ, ਤਾਂ ਕਿ ਐਲਬਰਟਾ ਵਾਸੀ ਜਿੰਨੀ ਵੱਧ ਤੋਂ ਵੱਧ ਸੰਭਵ ਹੋ ਸਕੇ, ਜਾਣਕਾਰੀ ਲੈ ਸਕਣ, ਜਦੋਂ ਉਹ ਕਿਸੇ

ਨਵੀਂ ਪਲੈਨ ਦੀ ਸੰਭਾਵਨਾਂ ‘ਤੇ ਵਿਚਾਰ ਕਰਦੇ ਹਨ। ਉਸ ਸਬੰਧ ਵਿਚ, ਪੈਨਲ ਨੇ ਨਵੇਂ ਪਬਲਿਕ ਐਂਗੇਜਮੈਂਟ ਸੈਸ਼ਨਾਂ ਦੀ ਸਮਾਂ-ਸੂਚੀ ਬਣਾਉਣ ਤੋਂ ਪਹਿਲਾਂ ਚੀਫ ਐਕਚੂਅਰੀ ਆਫ ਕੈਨੇਡਾ ਨੂੰ ਆਪਣੇ ਪਰਿਣਾਮ ਰਿਲੀਜ਼ ਕਰਨ ਵਾਸਤੇ ਕੁਝ ਸਮਾਂ ਦੇਣ ਦਾ ਫੈਸਲਾ ਕੀਤਾ ਹੈ।

ਐਲਬਰਟਾ ਨਿਵਾਸੀ AlbertaPensionPlan.ca ‘ਤੇ ਜਾਣਕਾਰੀ ਪੜ੍ਹਨ ਦੁਆਰਾ ਅਤੇ ਆਨਲਾਈਨ ਵਰਕਬੁੱਕ ਭਰਨ ਦੁਆਰਾ ਗੱਲਬਾਤ ‘ਚ ਸ਼ਾਮਲ ਹੋਣ ਦਾ ਮੌਕਾ ਪ੍ਰਾਪਤ ਕਰਨਾਂ ਜਾਰੀ ਰੱਖਣਗੇ।

“ਅਸੀਂ ਉਸ ਗੱਲ ਨਾਲ ਖੁਸ਼ ਹਾਂ ਕਿ ਅੱਜ ਦੀ ਤਰੀਕ ਤੱਕ ਆਪਣੀ ਗੱਲਬਾਤ ਰਾਹੀਂ ਅਸੀਂ ਕਿੰਨੇ ਐਲਬਰਟਾ ਵਾਸੀਆਂ ਤੱਕ ਪਹੁੰਚ ਕਰ ਚੁੱਕੇ ਹਾਂ। ਲਾਈਫਵਰਕਸ ਰਿਪੋਰਟ ਇਕ ਪੜਚੋਲ ਕਰਨ ਯੋਗ ਮੌਕਾ ਪੇਸ਼ ਕਰਦੀ ਹੈ ਅਤੇ ਐਲਬਰਟਾ ਵਾਸੀਆਂ ਨੇ ਉਸ ਬੁਲਾਵੇ ਦਾ ਜਵਾਬ ਦਿੱਤਾ ਹੈ, ਪਰੰਤੂ ਅਸੀਂ ਉੱਚੀ ਆਵਾਜ਼ ਵਿਚ ਅਤੇ ਸਪੱਸ਼ਟ ਸੁਣਿਆਂ ਹੈ ਕਿ ਉਹ ਇਹ ਸੁਣਨਾਂ ਚਾਹੁੰਦੇ ਹਨ ਕਿ ਫੈਡਰਲ ਸਰਕਾਰ ਐਸੈੱਟ ਟ੍ਰਾਂਸਫਰ ਨੰਬਰਾਂ ਦੀ ਗਣਨਾਂ ਕਿਵੇਂ ਕਰਦੀ ਹੈ। ਅਸੀਂ ਪਬਲਿਕ ਮੀਟਿੰਗਾਂ ਦਾ ਅਗਲਾ ਸਿਲਸਿਲਾ ਉਦੋਂ ਸ਼ੁਰੂ ਕਰਾਂਗੇ ਜਦੋਂ ਸਾਨੂੰ ਉਸ ਨੰਬਰ ਬਾਰੇ ਵਧੇਰੇ ਸਪੱਸ਼ਟਤਾ ਪ੍ਰਾਪਤ ਹੋਵੇਗੀ, ਪਰੰਤੂ ਉਸ ਸਮੇਂ ਤੱਕ, ਅਸੀਂ ਹਰੇਕ ਨੂੰ ਸਾਡੀ ਵਰਕਬੁੱਕ ‘ਤੇ ਨਜ਼ਰ ਮਾਰਨ ਅਤੇ ਆਪਣੀ ਫੀਡਬੈਕ ਉੱਥੇ ਮੁਹੱਈਆ ਕਰਨ ਵਾਸਤੇ ਉਤਸ਼ਾਹਤ ਕਰਦੇ ਹਾਂ।”

*Jim Dinning, ਜਿੰਮ ਡਿਨਿੰਗ, ਚੇਅਰ, ਐਲਬਰਟਾ ਪੈਂਨਸ਼ਨ ਪਲੈਨ ਐਂਗੇਜਮੈਂਟ ਪੈਨਲ*

ਇਸ ਸਾਰੇ ਅਮਲ ਦੁਆਰਾ ਐਲਬਰਟਾ ਸਰਕਾਰ ਇਹ ਯਕੀਨੀ ਬਣਾਉਣ ਲਈ ਪ੍ਰਤਿਬਧ ਹੈ ਕਿ ਐਲਬਰਟਾ ਵਾਸੀਆਂ ਨੂੰ ਤਾਜ਼ੇ ਤੋਂ ਤਾਜ਼ਾ ਜਾਣਕਾਰੀ ਮੁਹੱਈਆ ਕੀਤੀ ਜਾਂਦੀ ਹੈ।

**ਮੀਡੀਆ ਇੰਨਕੁਆਰੀਆਂ**

Savannah Johannsen
savannah.johannsen@gov.ab.ca
780-686-3521
ਪ੍ਰੈੱਸ ਸੈਕਰੇਟਰੀ, ਟ੍ਰੱਈਜ਼ਰੀ ਬੋਰਡ ਐਂਡ ਫਾਇਨੈਂਸ

Classification: Protected A